Punjabi / ਪੰਜਾਬੀ

# ਬੱਚਿਆਂ ਲਈ ਕਾਰ ਸੁਰਖਿਆ ਸੀਟ ਲਾਣ ਦੇ ਗੁਰ

## 1. ਬਚੇ ਦੀ ਕਾਰ ਸੁਰਖਿਆ ਸੀਟ ਬੰਨਣੀ

ਆਪਨੇ ਸਰੀਰ ਦੇ ਭਾਰ ਨੂੰ ਸੀਟ ਪੇਟੀ ਨੂੰ ਕਸਣ ਤੇ ਘੁਟਣ ਲਈ ਵਰਤਦਿਆਂ ਹੋਇਆ ਹਮੇਸ਼ਾ ਸੀਟ ਨੂੰ ਕੱਸ ਕੇ ਲਾਓ ।ਸੀਟ ਦੀ ਇਕ ਪਾਸੇ ਤੋਂ ਦੂਜੇ ਪਾਸੇ ਜਾਂ ਅੱਗੇ ਨੂੰ ਹਰਕਤ 2.5 ਸੈਂਟੀਮੀਟਰ (1”) ਤੋਂ ਵੱਧ ਨਹੀਂ ਹੋਣੀ ਚਾਹੀਦੀ ।ਜਦੋਂ ਵੀ ਤੁਸੀਂ ਆਪਨੇ ਬੱਚੇ ਨੂੰ ਕਾਰ ਸੁੱਰਖਿਆ ਸੀਟ ਵਿਚ ਬੈਠਾਂਦੇ ਹੋ ਤਾਂ ਇਸ ਨੂੰ ਖਿਚ ਕੇ ਵੇਖੋ ਕਿ ਇਹ ਆਪਨੀ ਥਾਂ ਤੇ ਟਿੱਕੀ ਹੋਈ ਹੈ । ਹਮੈਸਾ ਕਾਰ ਬਨਾਣ ਵਾਲਿਆ ਦੀਆ ਹਦਾਇਤਾਂ ਦਾ ਪਾਲਣ ਕਰੋ। ਸੀਟ ਪੇਟੀ ਜਾਂ ਯੂਨੀਵਰਸਲ ਸੀਟ ਸਿਸਟਮ ਵਿਚੋ ਇੱਕੋ ਵਰਤੋ।



## 2. ਅੱਗੇ ਵਲ ਨੂੰ ਮੂੰਹ ਵਾਲੀਆਂ ਕਾਰ ਸੀਟਾਂ ਨਾਲ ਰਸੀਆਂ/ਸੰਗਲੀ ਜੰਜੀਰਾਂ ਵਾਲੇ ਸਟ੍ਰੈਪਾਂ ਨੂੰ ਵਰਤੋ

ਅਗੇ ਨੂੰ ਮੂੰਹ ਵਾਲੀ ਬੱਚਿਆਂ ਦੀ ਕਾਰ ਸੁੱਰਖਿਆ ਸੀਟ ਲਈ ਰਸੀ/ਸੰਗਲੀ ਜੰਜੀਰਾਂ ਵਾਲੇ ਸਟ੍ਰੈਪ ਵਰਤੋਂ ਇਹ ਸਟ੍ਰੈਪ ਬੱਚੇ ਦੀ ਕਾਰ ਸੁੱਰਖਿਆ ਸੀਟ ਦੇ ਪਿਛੇ ਹੁੰਦੇ ਹਨ ਅਤੇ ਇਹਨਾਂ ਨੂੰ ਕੁੰਡੀ ਲਗੀ ਹੁੰਦੀ ਹੈ ।ਕੁੰਡੀ ਸਟ੍ਰੈਪ ਨੂੰ ਕਾਰ ਦੀ ਰੱਸੀ /ਜੰਜੀਰ ਬੰਨਣ ਵਾਲੀ ਥਾਂ (ਜਿਹੜੀ ਕਾਰ ਬਨਾਣ ਵਾਲੀ ਕੰਪਨੀ ਨੇ ਰੱਖੀ ਹੁੰਦੀ ਹੈ ) ਨਾਲ ਜੋੜਨ ਲਈ ਹੁੰਦੀ ਹੈ ।ਇਹ ਪਤਾ ਕਰ ਲਓ ਕਿ ਰੱਸੀ/ਜੰਜੀਰ ਬੰਨਣ ਵਾਲੀ ਥਾਂ ਤੇ ਹੀ ਬੰਨੀ ਹੈ ਜਿਹੜੀ ਥਾਂ ਕਾਰ ਬਨਾਣ ਵਾਲੀ ਕੰਪਨੀ ਨੇ ਰੱਖੀ ਹੈ ।



## 3. ਯੂਨੀਵਰਸਲ ਸੀਟ ਬੰਨਣ ਦੇ ਸਿਸਟਮ (ਯੂ ਏ ਐਸ)/ ਚਿਟਕਣੀ ਨੂੰ ਵਰਤਣਾ

1 ਸੰਤਬਰ 2●●2 ਨੂੰ ਜਾਂ ਇਸਤੋਂ ਬਾਦ ਬਨਣ ਵਾਲੀਆਂ ਸਾਰੀਆਂ ਨਵੀਆੰ ਕੈਨੇਡੀਅਨ ਗੱਡੀਆਂ ਵਿਚ ਯੂਨੀਵਰਸਲ ਸੀਟ ਬੰਨਣ ਵਾਲੀ ਜਗ੍ਹਾ ਥਲੇ ਹੁੰਦੀ ਹੈ । ਯੂਨੀਵਰਸਲ ਸੀਟ ਬੰਨਣ ਦੇ ਸਿਸਟਮ/ਚਿਟਕਣੀ ਨੂੰ ਵਰਤਣ ਤੋਂ ਪਹਿਲਾਂ ਗੱਡੀ ਬਨਾਣ ਵਾਲੀ ਕੰਪਨੀ ਵਲੋਂ ਗੱਡੀ ਦੇ ਮਾਲਕ ਲਈ ਬਣਾਇਆ ਮੈਨੂੰਅਲ ਪੜ ਲਓ ਤਾਂ ਕਿ ਸੀਟ ਬੰਨਣ ਦੀ ਜਗ੍ਹਾ ਦਾ ਪੂਰਾ ਪੱਤਾ ਲਗ ਜਾਏ ਤੇ ਨਾਲੇ ਇਹ ਪਕਾ ਕਰ ਲਓ ਕਿ ਕੀ ਬਚੇ ਦੀ ਕਾਰ ਸੀਟ ਬਨਾਣ ਵਾਲੇ ਵਲੋਂ ਦੱਸਿਆ ਠੀਕ ਤਰੀਕਾ ਵਰਤਿਆ ਜਾ ਰਿਹਾ ਹੈ ।



## 4. ਜੰਦਰਾਨੁਮਾ ਕੜੀਆਂ ਨੂੰ ਵਰਤਣਾ

ਬੱਚੇ ਦੀ ਕਾਰ ਸੱਰਖਿਆ ਸੀਟ ਨੂੰ ਗੱਡੀ ਵਿਚ ਠੀਕ ਤਰਾਂ ਰੱਖਣ ਲਈ ਕਈ ਵਾਰੀ ਜੰਦਰਾਨੁੰਮਾ ਕੜੀਆਂ ਚਾਹੀਦੀਆਂ ਹਨ ।ਗੱਡੀ ਦੇ ਮਾਲਕ ਲਈ ਬਣਾਇਆ ਮੇਨੂੰਅਲ ਪੜ ਲਓ ਇਹ ਵੇਖਣ ਲਈ ਕਿ ਕੀ ਤੁਹਾਨੂੰ ਇਹ ਕੜੀਆਂ ਚਾਹੀਦੀਆਂ ਹਨ ।ਅਗਰ ਚਾਹੀਦੀਆਂ ਹਨ ਤਾਂ ਇਹ ਜੰਦਰਾਨੁੰਮਾ ਕੜੀਆਂ ਨੂੰ ਸੀਟ ਪੇਟੀ ਉਤੇ ਏਸ ਤਰਾਂ ਲਾਓ ਕਿ ਇਹ ਚਿਟਕਣੀ ਵਾਲੀ ਪਲੇਟ ਤੋਂ 13 ਮਿਲੀਮੀਟਰ (1/2”) ਦੇ ਅੰਦਰ ਅੰਦਰ ਰਹਿਣ ।



## 5. ਕਾਠੀਨੁਮਾ ਖਾਨਿਆਂ ਨੂੰ ਵਰਤਣਾ

ਬੱਚੇ ਦੀ ਕਾਰ ਸੁਰਖਿਆ ਸੀਟ ਦੀਆਂ ਕਾਠੀਨੁਮਾ ਪੇਟੀਆਂ ਸਹੀ ਜਗ੍ਹਾ ਤੇ ਰਖਣੀਆਂ ਚਾਹੀਦੀਆਂ ਹਨ। ਇਹ ਪਕਾ ਕਰਨ ਲਈ ਦੇਖ ਲਓ ਕਿ ਉਹ ਠੀਕ ਖਾਨਿਆਂ ਵਿਚੋਂ ਲੰਘ ਰਹੀਆਂ ਹਨ।

❖ ਪਿਛੇ ਵਲ ਨੂੰ ਮੂੰਹ ਵਾਲੀਆਂ ਬੱਚਿਆਂ ਦੀਆਂ ਕਾਰ ਸੁੱਰਖਿਆ ਕਾਠੀਨੁਮਾ ਪੇਟੀਆਂ ਬੱਚਿਆਂ ਦੇ ਮੋਢੇ ਦੇ ਬਰਾਬਰ ਜਾਂ ਏਸ ਤੋਂ ਥਲੇ ਫਿਟ ਹੋਣੀਆਂ ਚਾਹੀਦੀਆਂ ਹਨ।

❖ ਅਗੇ ਵਲ ਨੂੰ ਮੂੰਹ ਵਾਲੀਆਂ ਬੱਚਿਆਂ ਦੀਆਂ ਕਾਰ ਸੁਰੱਖਿਆ ਕਾਠੀ ਨੁਮਾ ਪੇਟੀਆਂ ਬੱਚਿਆਂ ਦੇ ਮੋਢੇ ਦੇ ਬਰਾਬਰ ਜਾਂ ਏਸ ਤੋਂ ਉਪਰ ਫਿਟ ਹੋਣੀਆਂ ਚਾਹੀਦੀਆਂ ਹਨ।



## 6. ਕਾਠੀਨੁਮਾ ਸਿਸਟਮ ਵਿਚ ਬੱਚੇ ਦੀ ਸੁੱਰਖਿਆ

ਇਹ ਪਕਾ ਕਰਨਾ ਚਾਹੀਦਾ ਹੈ ਕਿ ਕਾਠੀਨੁਮਾ ਪੇਟੀਆਂ ਸਿਧਿਆ ਹਨ ਅਤੇ ਸਿਸਟਮ ਬੱਚੇ ਦੀ ਛਾਤੀ ਉੱਤੇ ਇਸ ਤਰਾਂ ਫਿਟ ਹੈ ਕਿ ਬੱਚੇ ਦੀ ਛਾਤੀ ਤੇ ਪੇਟੀ ਦੇ ਵਿੱਚ ਸਿਰਫ ਇਕ ਉਂਗਲ ਦਾ ਫਾਸਲਾ ਹੋਵੇ। ਛਾਤੀ ਦਾ ਕਲਿਪ ਬੱਚੇ ਦੀ ਕੱਚ ਦੇ ਬਰਾਬਰ ਹੋਵੇ।



## 7. ਵਰਤੋਂ ਯੋਗ ਹਵਾ ਥੈਲੀਆਂ ਤੋਂ ਪਰੇ ਲਗਾਉਣਾ

ਬੱਚੇ ਦੀ ਕਾਰ ਸੁਰੱਖਿਆ ਸੀਟ ਨੂੰ ਹਮੇਸ਼ਾ ਵਰਤੋਂ ਯੋਗ ਹਵਾ ਥੈਲੀ ਤੋਂ ਪਰੇ ਲਾਣਾ ਚਾਹੀਦਾ ਹੈ। 13 ਸਾਲ ਤੋਂ ਛੋਟੇ ਬੱਚਿਆਂ ਲਈ ਸਭ ਤੋਂ ਸੁਰਖਿਅਤ ਜਗਾਂ ਯਾਤਰੀ ਕਾਰਾਂ, ਤੇ ਛੋਟੇ ਟੱਰਕਾਂ ਵਿਚ ਪਿਛਲੀ ਸੀਟ ਹੈ।



## 8. ਪਿਛੇ ਵਲ ਨੂੰ ਮੂੰਹ ਵਾਲੀਆਂ ਕਾਰ ਸੁਰਖਿਆ ਸੀਟਾਂ ਨੂੰ ਠੀਕ ਕੋਣ ਤੇ ਲਾਣਾ

ਬਹੁਤ ਛੋਟੇ ਬੱਚਿਆਂ ਦੀ ਕਾਰ ਸੀਟ ਕਾਰ ਦੇ ਪਿਛੇ ਵੱਲ ਤੇ 45˚ ਦੇ ਕੋਣ ਤੇ ਹੋਣੀ ਚਾਹੀਦੀ ਹੈ

ਅਗਰ ਜ਼ਰੂਰੀ ਹੋਏ ਤਾਂ ਪਿਛੇ ਵੱਲ ਨੂੰ ਮੂੰਹ ਵਾਲੀਆਂ ਸੀਟਾਂ ਦੇ ਕੋਣ ਨੂੰ 45˚ ਤੇ ਰੱਖਣ ਲਈ ਸੀਟਾਂ ਦੇ ਥਲੇ ਲਪੇਟਿਆ ਤੌਲੀਆ ਜਾਂ ਝਗ ਵਾਲੀ ਟਿੱਕੀ (ਤਲਾਅ ਗੰਢ) ਦੀ ਵਰਤੋਂ ਕਰ ਲਓ।




## 9. ਸੁਰੱਖਿਆ ਪ੍ਰਭਾਵ ਵਧਾਣ ਵਾਲੀਆਂ ਸੀਟਾਂ

ਇਹ ਸੀਟਾਂ ਬੱਚੇ ਨੂੰ ਏਨਾਂ ਉਪਰ ਚੁਕ ਦੇਂਦੀਆਂ ਹਨ ਕਿ ਬਾਲਗਾਂ ਦੀਆਂ ਸੀਟ ਪੇਟੀਆਂ ਜਿਆਦਾ ਪ੍ਰਭਾਵਸ਼ਾਲੀ ਕੰਮ ਕਰਨ। ਉਚੀ ਪਿਠ ਵਾਲੀ ਤੇ ਨੀਵੀਂ ਪਿਠ ਵਾਲੀ ਸੁੱਰਖਿਆ ਪ੍ਰਭਾਵ ਵਧਾਣ ਵਾਲੀ ਸੀਟ ਲਈ ਗੋਦੀ ਵਾਲੀ ਪੇਟੀ ਅਤੇ ਮੋਢੇ ਵਾਲੀ ਪੇਟੀ ਦੀ ਮਿਲਵੀਂ ਵਰਤੋਂ ਕਰੋ। ਬੱਚੇ ਦਾ ਸਿਰ ਪ੍ਰਭਾਵ ਵਧਾਣ ਤੁਹਾਡੇ ਬੱਚੇ ਦਾ ਸਿਰ ਸੁਰੱਖਿਆ ਪ੍ਰਭਾਵ ਵਧਾਣ ਵਾਲੀ ਸੀਟ ਦੇ ਸਿਰ ਜਾਂ ਗੱਡੀ ਦੀ ਸੀਟ ਦੇ ਸਿਰ ਉਤੇ ਟਿਕਿਆ ਹੋਣਾ ਚਾਹੀਦਾ ਹੈ। ਮੋਢੇ ਵਾਲੀ ਪੇਟੀ ਬੱਚੇ ਦੀ ਮੋਢੇ ਉਤੇ ਇਕ ਪਾਸੇ ਤੋਂ ਦੂਜੇ ਪਾਸੇ ਵਲ ਅਤੇ ਛਾਤੀ ਦੇ ਵਿਚਕਾਰੋਂ (ਨਾਂ ਕਿ ਗਲੇ ਤੇ ਚਿਹਰੇ ਵਿਚੋਂ ) ਨਿਕਲ ਰਹੀ ਹੋਣੀ ਚਾਹੀਦੀ ਹੈ। ਗੋਦੀ ਵਾਲੀ ਪੇਟੀ ਕੂਲਿਆਂ (Hips) ਉਤੇ (ਨਾਂ ਕਿ ਪੇਟ ਉਤੇ) ਥਲੇ ਜਿਹੇ ਕਰਕੇ ਹੋਣੀ ਚਾਹੀਦੀ ਹੈ।



## 10. ਸੁੱਰਿਖਆ ਨਿਸ਼ਾਨ ਲਗਣ ਦੀ ਜਾਂਚ

ਕੈਨੇਡਾ ਵਿਚ ਵਿਕਣ ਵਾਲੀਆਂ ਕਾਰ ਸੁਰਖਿਆ ਸੀਟਾਂ ਉਤੇ ਕੈਨੇਡੀਅਨ ਮੋਟਰ ਗੱਡੀ ਸੁਰਖਿਆ ਪ੍ਰਮਾਣਿਕ (ਸੀ ਐਮ ਵੀ ਐਸ ਐਸ) ਦਾ ਛਾਤੀ ਨਿਸ਼ਾਨ ਹੋਣਾ ਚਾਹੀਦਾ ਹੈ। ਬੱਚੇ ਦੀ ਕਾਰ ਸੀਟ ਦੀ ਮਿਆਦ ਖਤਮ ਹੋਣ ਦੀ ਮਿਤੀ ਦੀ ਜਾਂਚ ਕਰ ਲਓ। ਕਈ ਕਾਰ ਸੀਟ ਬਨਾਣ ਵਾਲੇ ਇਸ ਮਿਤੀ ਨੂੰ ਹਦਾਇਤਾ ਵਾਲੇ ਕਿਤਾਬਚੇ ਵਿਚ ਜਾਂ ਫਿਰ ਬੱਚੇ ਦੀ ਕਾਰ ਸੁਰੱਖਿਆ ਸੀਟ ਉਤੇ ਲਿਖ ਦਿੰਦੇ ਹਨ ।ਅਗਰ ਕੋਈ ਅਜੇਹੀ ਮਿਤੀ ਨਹੀਂ ਲਿਖੀ ਹੋਈ ਤਾਂ 1● ਸਾਲ ਤੋਂ

ਬਾਦ ਬਣਾਈ ਹੋਈ ਕਾਰ ਸੀਟ ਦਾ ਇਸਤੇਮਾਲ ਨਾਂ ਕਰੋ।




**ਬੱਚਿਆਂ ਦੀ ਕਾਰ ਸੀਟ ਸੁੱਰਖਿਆ ਦੀ ਵਧੇਰੀ ਜਾਣਕਾਰੀ ਲਈ ਸੰਪੱਰਕ ਕਰੋ :**

**www.mto.gov.on.ca/safety**

ਤਿਆਰ ਕਰਤਾ : **Safety Drives Us**

ਸਹਾਇਤਾ ਕਰਤਾ : **Ontario Ministry of Transportation**